**ਪ੍ਰਧਾਨ ਮੰਤਰੀ ਨੇ ਇਥੀਓਪੀਆ ਦੇ ਪ੍ਰਧਾਨ ਮੰਤਰੀ ਨਾਲ ਦੁਵੱਲੀ ਗੱਲਬਾਤ ਕੀਤੀ (16 ਦਸੰਬਰ, 2025)**

16 ਦਸੰਬਰ 2025

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਅੱਡੀਸ ਅਬਾਬਾ ਵਿੱਚ ਨੈਸ਼ਨਲ ਪੈਲੇਸ ਵਿੱਚ ਇਥੀਓਪੀਆ ਦੇ ਸੰਘੀ ਲੋਕਤੰਤਰੀ ਗਣਰਾਜ ਦੇ ਪ੍ਰਧਾਨ ਮੰਤਰੀ ਮਹਾਮਹਿਮ ਡਾ. ਅਬੀ ਅਹਿਮਦ ਨਾਲ ਮੁਲਾਕਾਤ ਕੀਤੀ.ਪੈਲੇਸ ਪਹੁੰਚਣ 'ਤੇ, ਪ੍ਰਧਾਨ ਮੰਤਰੀ ਡਾ. ਅਬੀ ਅਹਿਮਦ ਨੇ ਪ੍ਰਧਾਨ ਮੰਤਰੀ ਮੋਦੀ ਦੀ ਗਰਮਜੋਸ਼ੀ ਨਾਲ ਅਗਵਾਈ ਕੀਤੀ ਅਤੇ ਇੱਕ ਰਸਮੀ ਤਰੀਕੇ ਨਾਲ ਸੁਆਗਤ ਕੀਤਾ।

2. ਦੋਵੇਂ ਲੀਡਰਾਂ ਨੇ ਨਿੱਜੀ ਤੌਰ 'ਤੇ, ਸੀਮਿਤ ਅਤੇ ਵਫ਼ਦ ਪੱਧਰ 'ਤੇ ਮੁਲਾਕਾਤ ਕੀਤੀ. ਉਹਨਾਂ ਨੇ ਸਾਡੇ ਦੁਵੱਲੇ ਸਬੰਧਾਂ ਦੇ ਸਮੁੱਚੇ ਪਹਿਲੂਆਂ 'ਤੇ ਵਿਚਾਰ ਕੀਤਾ ਜੋ ਸਦੀਆਂ ਤੋਂ ਬਣੇ ਸੱਭਿਅਤਾਗਤ ਸੰਬੰਧਾਂ 'ਤੇ ਅਧਾਰਿਤ ਹਨ ਅਤੇ ਲੋਕਾਂ ਵਿਚਕਾਰ ਦੇ ਆਪਸੀ ਗਹਿਰੇ ਸੰਬੰਧਾਂ ਰਾਹੀਂ ਮਜ਼ਬੂਤ ਬਣੇ ਹਨ। ਸੰਬੰਧਾਂ ਦੀ ਮਹੱਤਤਾ ਨੂੰ ਦੇਖਦੇ ਹੋਏ, ਲੀਡਰ ਭਾਰਤ-ਇਥੀਓਪੀਆ ਦੇ ਰਿਸ਼ਤਿਆਂ ਨੂੰ ਰਣਨੀਤਿਕ ਸਾਂਝੇਦਾਰੀ ਦੇ ਪੱਧਰ ਤੱਕ ਉੱਚਾ ਚੁੱਕਣ ਲਈ ਸਹਿਮਤ ਹੋਏ। ਉਨ੍ਹਾਂ ਨੇ ਕਿਹਾ ਕਿ ਗਲੋਬਲ ਸਾਊਥ ਸਾਂਝੇਦਾਰ ਦੇ ਰੂਪ ਵਿੱਚ, ਦੋਵੇਂ ਦੇਸ਼ਾਂ ਨੂੰ ਇੱਕ ਸਮਾਵੇਸ਼ੀ ਦੁਨਿਆ ਦੇ ਨਿਰਮਾਣ ਵਿੱਚ ਯੋਗਦਾਨ ਦੇਣਾ ਜਾਰੀ ਰੱਖਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ 2023 ਵਿੱਚ ਭਾਰਤ ਦੀ ਪ੍ਰਧਾਨਗੀ ਦੇ ਦੌਰਾਨ ਅਫਰੀਕੀ ਸੰਘ ਦਾ G20 ਦੇ ਸਦੱਸ ਦੇ ਰੂਪ ਵਿੱਚ ਸੁਆਗਤ ਕਰਨਾ ਭਾਰਤ ਲਈ ਬਹੁਤ ਵੱਡੇ ਮਾਣ ਵਾਲੀ ਗੱਲ ਸੀ. ਪ੍ਰਧਾਨ ਮੰਤਰੀ ਮੋਦੀ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਇਕਜੁੱਟਤਾ ਦਿਖਾਉਣ ਅਤੇ ਅੱਤਵਾਦ ਖਿਲਾਫ਼ ਵਿਸ਼ਵ ਪੱਧਰੀ ਲੜਾਈ ਨੂੰ ਮਜ਼ਬੂਤ ਕਰਨ ਲਈ ਇਥੀਓਪੀਆ ਦਾ ਧੰਨਵਾਦ ਕੀਤਾ।

3. ਦੋਵੇਂ ਲੀਡਰਾਂ ਨੇ ਵਪਾਰ ਅਤੇ ਨਿਵੇਸ਼, ਨਵੀਨਤਾ ਅਤੇ ਤਕਨਾਲੋਜੀ, ਸਿੱਖਿਆ ਅਤੇ ਸਮਰੱਥਾ ਨਿਰਮਾਣ ਅਤੇ ਰੱਖਿਆ ਸਹਿਯੋਗ ਦੇ ਖੇਤਰਾਂ ਸਮੇਤ ਭਾਰਤ ਅਤੇ ਇਥੀਓਪੀਆ ਦੇ ਵਿਚਕਾਰ ਬਹੁਪੱਖੀ ਸਾਂਝੇਦਾਰੀ ਵਿੱਚ ਹੋਈ ਪ੍ਰਗਤੀ ਦਾ ਜਾਇਜ਼ਾ ਲਿਆ. ਪ੍ਰਧਾਨ ਮੰਤਰੀ ਮੋਦੀ ਨੇ ਸਿਹਤ ਸੁਰੱਖਿਆ, ਡਿਜ਼ੀਟਲ ਸਿਹਤ, ਪਰੰਪਰਿਕ ਦਵਾਈ, ਜਨ ਔਸ਼ਧੀ ਕੇਂਦਰ, ਭੋਜਨ ਸੁਰੱਖਿਆ, ਟਿਕਾਊ ਖੇਤੀਬਾੜੀ, ਕੁਦਰਤੀ ਖੇਤੀ ਅਤੇ ਐਗਰੀ-ਟੈਕ ਦੇ ਖੇਤਰਾਂ ਵਿੱਚ ਇਥੀਓਪੀਆ ਨਾਲ ਸਹਿਯੋਗ ਵਧਾਉਣ ਦੀ ਭਾਰਤ ਦੀ ਇੱਛਾ ਜਤਾਈ। ਲੀਡਰਾਂ ਨੇ ਜ਼ੋਰ ਦੇ ਕੇ ਕਿਹਾ ਕਿ ਦੇਸ਼ਾਂ ਦੇ ਵਿਚਕਾਰ ਨਜ਼ਦੀਕੀ ਵਿਕਾਸ ਸਾਂਝੇਦਾਰੀ ਲੋਕਾਂ ਵਿਚਕਾਰ ਦੇ ਮਜ਼ਬੂਤ ਆਪਸੀ ਸੰਬੰਧਾਂ ਨੂੰ ਹੋਰ ਵਧਾ ਰਹੀ ਹੈ।

4. ਦੋਵੇਂ ਲੀਡਰਾਂ ਨੇ ਦੋਵਾਂ ਦੇਸ਼ਾਂ ਦੇ ਵਿਚਕਾਰ ਆਰਥਿਕ ਸਾਂਝੇਦਾਰੀ ਦੀ ਸਮੀਖਿਆ ਕੀਤੀ. ਉਨ੍ਹਾਂ ਨੇ ਡਿਜ਼ੀਟਲ ਜਨਤਕ ਬੁਨਿਆਦੀ ਢਾਂਚੇ, ਖਣਨ, ਮਹੱਤਵਪੂਰਣ ਖਣਿਜ ਅਤੇ ਸਵੱਛ ਊਰਜਾ ਦੇ ਖੇਤਰਾਂ ਵਿੱਚ ਸਹਿਯੋਗ ਬਾਰੇ ਵਿਚਾਰ-ਵਟਾਂਦਰੇ ਕੀਤੇ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤੀ ਕੰਪਨੀਆਂ ਨੇ ਭਰੋਸੇਮੰਦ ਸਾਂਝੇਦਾਰਾਂ ਦੇ ਰੂਪ ਵਿੱਚ, ਇਥੀਓਪੀਆ ਦੀ ਅਰਥਵਿਵਸਥਾ ਵਿੱਚ, ਖਾਸ ਕਰਕੇ ਨਿਰਮਾਣ ਅਤੇ ਫਾਰਮਾਸਿਊਟੀਕਲ ਦੇ ਜ਼ਰੂਰੀ ਸੈਕਟਰਾਂ ਵਿੱਚ 5 ਅਰਬ ਡਾਲਰ ਤੋਂ ਵੱਧ ਦਾ ਨਿਵੇਸ਼ ਕੀਤਾ ਹੈ, ਜਿਸ ਨਾਲ 75,000 ਤੋਂ ਵੱਧ ਸਥਾਨਕ ਨੌਕਰੀਆਂ ਪੈਦਾ ਹੋਈਆਂ ਹਨ.

5. ਦੋਵੇਂ ਧਾਨ ਮੰਤਰੀਆਂ ਨੇ ਗਲੋਬਲ ਸਾਊਥ ਦੀਆਂ ਚਿੰਤਾਵਾਂ ਨੂੰ ਆਵਾਜ਼ ਦੇਣ ਲਈ ਮਿਲ ਕੇ ਕੰਮ ਕਰਨ ਦੀ ਆਪਣੀ ਵਚਨਬੱਧਤਾ ਦੁਹਰਾਈ. ਉਨ੍ਹਾਂ ਨੇ ਸੰਯੁਕਤ ਰਾਸ਼ਟਰ ਸਮੇਤ ਬਹੁਪੱਖੀ ਖੇਤਰ ਵਿੱਚ ਸਹਿਯੋਗ ਬਾਰੇ ਚਰਚਾ ਕੀਤੀ। ਉਨ੍ਹਾਂ ਜਲਵਾਯੂ ਪਰਿਵਰਤਨ, ਨਵਿਆਉਣਯੋਗ ਊਰਜਾ ਅਤੇ ਆਫ਼ਤ ਜੋਖਮ ਘੱਟ ਕਰਨ ਵਰਗੇ ਮੁੱਦਿਆਂ 'ਤੇ ਵਧੇਰੇ ਸਹਿਯੋਗ ਲਈ ਸੱਦਾ ਦਿੱਤਾ ਅਤੇ ਇਸ ਸੰਦਰਭ ਵਿੱਚ ਅੰਤਰਰਾਸ਼ਟਰੀ ਬਿਗ ਕੈਟ ਗੱਠਜੋੜ (IBCA), ਆਫ਼ਤ-ਰੋਕੂ ਬੁਨਿਆਦੀ ਢਾਂਚਾ ਗੱਠਜੋੜ (CDRI), ਵਿਸ਼ਵਵਿਆਪੀ ਜੈਵਿਕ-ਬਾਲਣ ਗੱਠਜੋੜ (GBA) ਅਤੇ ਅੰਤਰਰਾਸ਼ਟਰੀ ਸੌਰ ਗੱਠਜੋੜ (ISA) ਵਰਗੇ ਅੰਤਰਰਾਸ਼ਟਰੀ ਸੰਗਠਨਾਂ ਦੀ ਭੂਮਿਕਾ ਦਾ ਸੁਆਗਤ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਆਪਣੀ ਪ੍ਰਧਾਨਗੀ ਅਧੀਨ BRICS ਸਾਂਝੇਦਾਰ ਦੇ ਰੂਪ ਵਿੱਚ ਅਤੇ ਪ੍ਰਸਤਾਵਿਤ ਭਾਰਤ-ਅਫਰੀਕਾ ਮੰਚ ਸਿਖਰ ਸੰਮੇਲਨ ਲਈ ਇਥੀਓਪੀਆ ਨਾਲ ਮਿਲ ਕੇ ਕੰਮ ਕਰਨ ਲਈ ਉਤਸੁਕ ਹੈ।

6. ਗੱਲਬਾਤ ਤੋਂ ਬਾਅਦ, ਦੋਵੇਂ ਲੀਡਰਾਂ ਦੀ ਮੌਜੂਦਗੀ ਵਿੱਚ ਇਹਨਾਂ ਖੇਤਰਾਂ ਵਿੱਚ ਤਿੰਨ ਸਹਿਮਤੀ ਪੱਤਰਾਂ (MoU) ਦਾ ਅਦਾਨ-ਪ੍ਰਦਾਨ ਕੀਤਾ: ਸੰਯੁਕਤ ਰਾਸ਼ਟਰ ਸ਼ਾਂਤੀ ਸੈਨਾ ਕਾਰਵਾਈਆਂ ਦੀ ਸਿਖਲਾਈ; ਸੀਮਾ ਸ਼ੁਲਕ ਮਾਮਲਿਆਂ ਵਿੱਚ ਆਪਸੀ ਪ੍ਰਸ਼ਾਸਕੀ ਸਹਾਇਤਾ; ਅਤੇ ਇਥੀਓਪੀਆ ਦੇ ਵਿਦੇਸ਼ ਮੰਤਰਾਲੇ ਵਿੱਚ ਡੇਟਾ ਸੈਂਟਰ ਦੀ ਸਥਾਪਨਾ.

7. ਪ੍ਰਧਾਨ ਮੰਤਰੀ ਡਾ. ਅਬੀ ਨੇ ਪ੍ਰਧਾਨ ਮੰਤਰੀ ਮੋਦੀ ਦੇ ਸਨਮਾਨ ਵਿੱਚ ਇੱਕ ਭੋਜ ਦੀ ਮੇਜ਼ਬਾਨੀ ਕੀਤੀ. ਪ੍ਰਧਾਨ ਮੰਤਰੀ ਮੋਦੀ ਨੇ ਪ੍ਰਧਾਨ ਮੰਤਰੀ ਡਾ. ਅਬੀ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ, ਜਿਸ ਨੂੰ ਉਨ੍ਹਾਂ ਨੇ ਸਵੀਕਾਰ ਕੀਤਾ।

ਅੱਡੀਸ ਅਬਾਬਾ

16 ਦਸੰਬਰ 2025